# ਸੁਖਪਾਲ ਸਿੰਘ ਥਿੰਦ
# ਦੀ ਕਹਾਣੀ ਦਾ
# ਅੰਤਰ ਬੋਧ



ਸੰਪਾਦਕ
ਡਾ. ਬਲਵਿੰਦਰ ਸਿੰਘ ਥਿੰਦ

# ਸੁਖਪਾਲ ਸਿੰਘ ਥਿੰਦ ਦੀ ਕਹਾਣੀ ਦਾ ਅੰਤਰ ਬੋਧ

ਸੰਪਾਦਕ
ਡਾ. ਬਲਵਿੰਦਰ ਸਿੰਘ ਥਿੰਦ

5 ਆਬ
ਪ੍ਰਕਾਸ਼ਨ, ਜਲੰਧਰ

# ਤਤਕਰਾ


ਭੂਮਿਕਾ

- 'ਫੁੱਲਾਂ ਦੀ ਫ਼ਸਲ' ਦੇ ਆਰ-ਪਾਰ ਲੰਘਦਿਆਂ...
  –ਡਾ. ਬਲਵਿੰਦਰ ਸਿੰਘ ਥਿੰਦ 8

ਪੁਸਤਕ 'ਫੁੱਲਾਂ ਦੀ ਫ਼ਸਲ' : ਸਮੀਖਿਆ ਲੇਖ

- ਆਪਣੀ ਸਮਾਜਿਕ ਹੋਂਦ ਤੇ ਸਵੈਮਾਣ ਨੂੰ ਬਰਕਰਾਰ ਰੱਖਣ ਲਈ ਜੂਝਦੇ ਲੋਕਾਂ ਦੀਆਂ ਕਹਾਣੀਆਂ
  –ਨਿਰੰਜਣ ਬੋਹਾ 19
- ਮੱਧਵਰਗ ਦੇ ਸੁਪਨਿਆਂ ਦੀ ਪਰਵਾਜ਼ ਤੇ ਯਥਾਰਥ ਸੰਦਰਭ
  –ਡਾ. ਹਰਜਿੰਦਰ ਸਿੰਘ ਅਟਵਾਲ 25
- ਮੱਧਵਰਗੀ ਸਮਾਜ ਦੇ ਸੁਪਨਿਆਂ ਦੇ ਖੰਡਿਤ ਹੁੰਦੇ ਨਕਸ਼ਾਂ ਦੀ ਤਸਵੀਰਕਸ਼ੀ: ਫੁੱਲਾਂ ਦੀ ਫ਼ਸਲ
  –ਡਾ. ਪ੍ਰਿਤਪਾਲ ਸਿੰਘ ਮਹਿਰੋਕ 35
- ਸੱਤਾ ਅਤੇ ਸਿਆਸਤ ਦੀ ਖੇਡ ਨੂੰ ਜੱਗ ਜਾਹਰ ਕਰਦੀ ਪੁਸਤਕ: ਫੁੱਲਾਂ ਦੀ ਫ਼ਸਲ
  –ਪਰਮ ਜਸਪਾਲ ਮਾਨ 42
- ਪੰਜਾਬੀ ਮੱਧਵਰਗ ਦੀ ਅੰਦਰਲੀ ਹੂਕ: 'ਫੁੱਲਾਂ ਦੀ ਫ਼ਸਲ'
  –ਦਵਿੰਦਰ ਕੌਰ ਗੁਰਾਇਆ 67
- ਸੁਖਪਾਲ ਥਿੰਦ ਦੀ ਕਥਾ-ਸਮਰੱਥਾ
  –ਡਾ. ਸਵਾਮੀ ਸਰਬਜੀਤ 77
- ਫੁੱਲਾਂ ਦੀ ਫ਼ਸਲ: ਮੱਧਵਰਗ ਦੇ ਸੁਪਨੇ ਤੇ ਸੰਕਟ
  –ਡਾ. ਪ੍ਰਗਟ ਸਿੰਘ ਬਰਾੜ 82
- ਸੁਖਪਾਲ ਸਿੰਘ ਥਿੰਦ ਦੀਆਂ ਕਹਾਣੀਆਂ ਦੇ ਸਿਆਸੀ ਸਰੋਕਾਰ
  –ਡਾ. ਬਲਵੰਤ ਸਿੰਘ ਸੰਧੂ 93
- ਫੁੱਲਾਂ ਦੀ ਫ਼ਸਲ: ਜਮਾਤੀ ਵਿਸ਼ਲੇਸ਼ਣ
  –ਡਾ. ਹਰਿੰਦਰ ਸਿੰਘ 104

- ਸਿਆਸੀ ਚੇਤਨਾ ਦਾ ਕਹਾਣੀਕਾਰ: ਸੁਖਪਾਲ ਸਿੰਘ ਥਿੰਦ
  –ਜਸਬੀਰ ਕਲਸੀ ਧਰਮਕੋਟ 110
- ਸਿੱਖਿਆ ਦੇ ਖੇਤਰ ਦੀਆਂ ਦੁਸ਼ਵਾਰੀਆਂ ਅਤੇ ਅੰਤਰ-ਵਿਰੋਧਾਂ ਨੂੰ ਬਿਰਤਾਂਤਕ ਸਾਂਚੇ ਵਿੱਚ ਢਾਲ਼ਦੀ ਪੁਸਤਕ: 'ਫੁੱਲਾਂ ਦੀ ਫ਼ਸਲ'
  –ਡਾ. ਸਰਦੂਲ ਸਿੰਘ ਔਜਲਾ 118
- 'ਫੁੱਲਾਂ ਦੀ ਫ਼ਸਲ': ਪੰਜਾਬੀ ਕਹਾਣੀ ਦਾ ਨਿਵੇਕਲਾ ਕਥਾਨਕ/ਬਿਰਤਾਂਤ
  –ਸੁਰਿੰਦਰ ਸਿੰਘ ਨੇਕੀ 125
- ਉਦੇ ਹੋਣ ਲਈ ਸੰਘਰਸ਼ ਕਰਦੇ ਪਾਤਰ: ਫੁੱਲਾਂ ਦੀ ਫ਼ਸਲ
  –ਕੁਲਬੀਰ ਬਡੇਸਰੋਂ 131
- ਮਾਨਵੀ ਜੀਵਨ ਪੰਧ ਦਾ ਗਲਪੀ ਯਥਾਰਥ: ਕਹਾਣੀ-ਸੰਗ੍ਰਹਿ 'ਫੁੱਲਾਂ ਦੀ ਫ਼ਸਲ'
  –ਡਾ. ਰਵਿੰਦਰ ਕੌਰ 134
- ਫਰੀਜ਼ ਹੋਈ ਸੰਵੇਦਨਾ ਦੀ ਪੀੜ ਬਣਨ ਦੀ ਕਹਾਣੀ : ਫੁੱਲਾਂ ਦੀ ਫ਼ਸਲ
  –ਡਾ. ਗੁਰਜੀਤ ਸਿੰਘ ਸੰਧੂ 141
- ਸਮਾਜਿਕ ਯਥਾਰਥ ਨਾਲ ਮਹਿਕਾਂ ਬਿਖ਼ੇਰਦੀ 'ਫੁੱਲਾਂ ਦੀ ਫ਼ਸਲ'
  –ਅਨੇਮਨ ਸਿੰਘ 142
- ਖ਼ੂਬਸੂਰਤ ਪੰਜ ਕਹਾਣੀਆਂ ਦਾ ਗੁਲਦਸਤਾ: ਫੁੱਲਾਂ ਦੀ ਫ਼ਸਲ
  –ਬਿੰਦਰ ਕੋਲੀਆਂਵਾਲ 144
- ਪੰਜਾਬੀ ਕਹਾਣੀ ਦਾ ਨਵਾਂ ਬਿਰਤਾਂਤ: ਫੁੱਲਾਂ ਦੀ ਫ਼ਸਲ
  –ਹਰੀਸ਼ ਸ਼ਰਮਾ 146


**ਕਹਾਣੀ ਪੜ੍ਹਤ: ਸਮੀਖਿਆ ਲੇਖ**


- ਤਿੰਨ ਪੀੜ੍ਹੀਆਂ ਦੀ ਕਲਾਤਮਿਕ ਸਿਰਜਣਾ: ਫੁੱਲਾਂ ਦੀ ਫ਼ਸਲ
  –ਅਤਰਜੀਤ 148

- ਜਨਰੇਸ਼ਨ ਗੈਪ ਦੇ ਪ੍ਰਿਜ਼ਮ ਵਿੱਚੋਂ ਦਿਸਦਾ ਰਿਸ਼ਤਿਆਂ ਦਾ ਵਿਖੰਡਿਤ ਬਿੰਬ: ਫੁੱਲਾਂ ਦੀ ਫ਼ਸਲ
  -ਕੁਲਦੀਪ ਸਿੰਘ ਦੀਪ (ਡਾ.) 151
- ਡਾ. ਸੁਖਪਾਲ ਸਿੰਘ ਥਿੰਦ ਦੀ ਕਹਾਣੀ 'ਫੁੱਲਾਂ ਦੀ ਫ਼ਸਲ' : ਇਕ ਸਰਵੇਖਣ
  -ਡਾ. ਲਖਵਿੰਦਰਜੀਤ ਕੌਰ 158
- ਡਾ. ਸੁਖਪਾਲ ਸਿੰਘ ਥਿੰਦ ਦੀ ਕਹਾਣੀ 'ਸੰਤ ਦਾ ਕਤਲ' ਦੇ ਦਲਿਤ ਸਰੋਕਾਰ
  -ਹਰਜਿੰਦਰ ਸਿੰਘ 163
- ਜਨਰਲ ਵਰਗ ਵੱਲੋਂ ਉਚੇਰੀ ਵਿਦਿਆ ਹਾਸਲ ਕਰਨ ਦੇ ਸਹਾਰੇ ਪਰਵਾਸ ਦੇ ਰੁਝਾਨ ਦੀ ਪ੍ਰਤੀਨਿਧਤਾ ਕਰਦੀ ਕਹਾਣੀ 'ਫੁੱਲਾਂ ਦੀ ਫ਼ਸਲ'
  -ਜਸਬੀਰ ਕਲਸੀ ਧਰਮਕੋਟ 172
- 'ਫੁੱਲਾਂ ਦੀ ਫ਼ਸਲ' ਦਾ ਪਾਠ ਕਰਦਿਆਂ/ਅਨੇਮਨ ਸਿੰਘ 175
- 'ਫੁੱਲਾਂ ਦੀ ਫ਼ਸਲ': ਕੁਝ ਵਿਚਾਰ/ਡਾ. ਸੁਖਦੇਵ ਸਿੰਘ ਝੰਡ 176
- ਫੁੱਲਾਂ ਦੀ ਫ਼ਸਲ: ਪਾਠਕੀ ਹੁੰਗਾਰਾ/ਡਾ. ਮੋਨਿਕਾ ਖੰਨਾ 179
- ਕਾਲਖ਼-ਕੋਠੜੀ: ਪਾਠਕੀ ਹੁੰਗਾਰਾ/ਡਾ. ਮੋਨਿਕਾ ਖੰਨਾ 181

**ਕਹਾਣੀ ਪੜ੍ਹਤ**

ਚਿੱਠੀਆਂ 183

**ਫੇਸਬੁੱਕ ਜੰਕਸ਼ਨ**

'ਫੁੱਲਾਂ ਦੀ ਫ਼ਸਲ' ਬਾਰੇ ਪਾਠਕੀ ਹੁੰਗਾਰਾ 192

ਕਹਾਣੀ : ਫ਼ਸਲਾਂ ਦੇ ਫੈਸਲੇ

ਪਾਠਕੀ ਟਿੱਪਣੀਆਂ 228

**ਮੁਲਾਕਾਤ**

- ਮੈਂ ਪੰਜਾਬੀਆਂ ਦੀ ਸਮੁੱਚੀ ਜੀਵਨ ਧੜਕਣ ਨੂੰ ਆਪਣੀਆਂ ਕਹਾਣੀਆਂ 'ਚ ਸਮਾਉਣਾ ਚਾਹੁੰਨਾ: ਸੁਖਪਾਲ ਸਿੰਘ ਥਿੰਦ 250

# ਡਾ. ਸੁਖਪਾਲ ਸਿੰਘ ਥਿੰਦ ਦੀ ਕਹਾਣੀ 'ਸੰਤ ਦਾ ਕਤਲ' ਦੇ ਦਲਿਤ ਸਰੋਕਾਰ

ਹਰਜਿੰਦਰ ਸਿੰਘ ਮੁਕਤਸਰ

ਡਾ. ਸੁਖਪਾਲ ਸਿੰਘ ਥਿੰਦ ਸਮਕਾਲੀ ਦੌਰ ਵਿਚ ਆਪਣੀ ਪਲੇਠੀ ਆਲੋਚਨਾ ਪੁਸਤਕ 'ਬਿਰਤਾਂਤ ਸ਼ਾਸਤਰ-ਉੱਤਰ ਆਧੁਨਿਕ ਪਰਿਪੇਖ' ਨਾਲ ਪੰਜਾਬੀ ਸਾਹਿਤ ਜਗਤ ਵਿਚ ਜ਼ਬਰਦਸਤ ਹਾਜ਼ਰੀ ਲਵਾਉਂਦਾ ਹੈ। ਸਮੀਖਿਆ ਤੋਂ ਆਪਣਾ ਸਾਹਿਤਕ ਸਫ਼ਰ ਸ਼ੁਰੂ ਕਰਕੇ ਉਹ ਸਿਰਜਨਾਤਮਿਕਤਾ ਦੇ ਰਾਹ ਪੈਂਦਾ ਹੈ। 'ਲੰਡਨ ਨੂੰ ਮਿਲਦਿਆਂ' ਅਤੇ 'ਕੈਨੇਡਾ-ਇਕ ਬਾਗ਼ ਬਹੁਰੰਗੀ' ਸਫ਼ਰਨਾਮੇ ਉਹ ਪੰਜਾਬੀ ਵਾਰਤਕ ਦੀ ਝੋਲੀ ਪਾਉਂਦਾ ਹੈ। ਜਿੱਥੇ ਉਹ ਆਪਣੀ ਪਹਿਲੀ ਸਮੀਖਿਆ ਪੁਸਤਕ ਨਾਲ ਹੀ ਨਵੇਂ ਪੰਜਾਬੀ ਆਲੋਚਕਾਂ ਦੀ ਪਹਿਲੀ ਸਫ਼ ਵਿਚ ਸ਼ਾਮਿਲ ਹੋ ਜਾਂਦਾ ਹੈ, ਉੱਥੇ ਹੀ ਆਪਣੀਆਂ ਸਿਰਜਨਾਤਮਕ ਵਾਰਤਕ ਰਚਨਾਵਾਂ ਵਿਚ ਵੀ ਆਪਣੀ ਬਹੁ-ਪਰਿਪੇਖੀ ਵਾਰਤਕ ਸੂਝ ਦਾ ਪੁਖਤਾ ਸਬੂਤ ਦਿੰਦਾ ਹੈ।

'ਸੰਤ ਦਾ ਕਤਲ' ਕਹਾਣੀ ਨਾਲ ਡਾ. ਸੁਖਪਾਲ ਥਿੰਦ ਪੰਜਾਬੀ ਗਲਪ ਸਾਹਿਤ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਇਸ ਕਹਾਣੀ ਦੀ ਜਟਿਲ ਤੋਂ ਜਟਿਲਤਰ ਹੁੰਦੀ ਜਾਂਦੀ ਬਿਰਤਾਂਤਕ ਸੰਰਚਨਾ ਦਾ ਗਹਿਨ ਅਧਿਐਨ ਕਰਦਿਆਂ ਹੋਇਆਂ ਡਾ. ਸੁਖਪਾਲ ਥਿੰਦ ਦੀਆਂ ਗਲਪੀ ਸੰਭਾਵਨਾਵਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਇਹ ਕਹਾਣੀ ਜਟਿਲ ਬਿਰਤਾਂਤ ਦੀ ਵਿਧੀ ਨੂੰ ਅਪਣਾਉਂਦੀ ਹੋਈ, ਮੁਖ ਕਥਾ ਦੇ ਨਾਲ-ਨਾਲ ਉਪ-ਕਥਾਵਾਂ ਨੂੰ ਵੀ ਆਪਣਾ ਰਚਨਾ-ਵਸਤੂ ਬਣਾਉਂਦੀ ਹੈ। ਕਹਾਣੀ ਪੇਂਡੂ ਦਲਿਤ ਭਾਈਚਾਰੇ ਦੇ 'ਕੰਮੀ-ਕਮੀਣ' ਤੱਕ ਮਨਫ਼ੀ ਹੋਈ ਹੋਂਦ ਤੋਂ ਲੈ ਕੇ ਉੱਚ ਅਹੁਦਿਆਂ ਤੱਕ ਪਹੁੰਚਣ ਦੇ ਬਾਵਜੂਦ ਜਾਤੀ-ਜਮਾਤੀ ਵਿਤਕਰਿਆਂ/ਸ਼ੋਸ਼ਣਾ ਨੂੰ ਰਜਿਸਟਰ ਕਰਦੀ ਹੈ ਜੋ ਦਲਿਤ ਜਾਤੀਆਂ ਦੀ ਹੋਣੀ ਬਣੇ ਹੋਏ ਹਨ। ਕਹਾਣੀ ਵਰਤਮਾਨ ਕਾਲ ਵਿਚ ਚੌਧਰੀ ਹਸਪਤਾਲ ਦੇ ਆਈ.ਸੀ.ਯੂ. ਵਿਚ ਪਏ ਦਲਿਤ ਪਾਤਰ ਪ੍ਰੋਫੈਸਰ ਦੇਸ਼ਬੰਧੂ ਦੀ ਚੀਕ ਨਾਲ ਸ਼ੁਰੂ ਹੋ ਕੇ ਪਿੱਛਲ-ਝਾਤ ਦੀ ਬਿਰਤਾਂਤਕ ਵਿਧੀ ਦੇ ਅੰਤਰਗਤ ਭੂਤਕਾਲ ਵਿਚ ਫੈਲ ਕੇ ਬਿਰਤਾਂਤਕ ਪ੍ਰਵਚਨ ਸਿਰਜਦੀ ਹੈ।

ਕਹਾਣੀ ਆਪਣੇ ਮੁਢਲੇ ਬਿਰਤਾਂਤਕ ਵੇਰਵਿਆਂ ਨਾਲ ਹੀ ਪਾਠਕ ਨੂੰ

ਆਕਰਸ਼ਿਤ ਕਰਦੀ ਹੈ ਤੇ ਆਪਣੇ ਰਚਨਾ-ਵਸਤੂ ਦਾ ਦਲਿਤ ਸਰੋਕਾਰਾਂ ਨਾਲ ਵਾਬਿਸਤਾ ਹੋਣ ਦੀ ਸੂਹ ਦਿੰਦੀ ਹੈ। ਇਸੇ ਪਰਿਪੇਖ ਵਿਚ ਪ੍ਰੋ. ਦੇਸ਼ਬੰਧੂ ਦੇ ਕਹੇ ਹੋਏ ਇਹ ਬੋਲ ਧਿਆਨ ਦੀ ਮੰਗ ਕਰਦੇ ਹਨ-

> "ਵਿਆਨਾ 'ਚ ਸਾਡੇ ਸੰਤ ਜੀ ਨੂੰ ਕਤਲ ਕਰਤਾ...ਤੁਸੀਂ ਸਾਨੂੰ ਇਉਂ ਨੀਂ ਮਾਰ ਸਕਦੇ...ਇਓਂ ਨੀਂ ਅਸੀਂ ਡਰਨ ਲੱਗੇ। ਕੁੱਤਿਓ...ਕੰਜਰੋ...।"

ਇਉਂ ਕਹਾਣੀ ਦੇ ਆਰੰਭ-ਵਿਚ ਪਾਠਕ ਸਮਝਦਾ ਹੈ ਕਿ ਇਹ ਕਹਾਣੀ ਦਲਿਤ ਭਾਈਚਾਰੇ ਨਾਲ ਸੰਬੰਧਿਤ ਬੱਲਾਂ ਵਾਲੇ ਸੰਤ ਰਾਮਾਨੰਦ ਦੇ ਵਿਆਨਾ ਵਿਚ ਹੋਏ ਕਤਲ ਦੇ ਬਿਰਤਾਂਤਕ ਵੇਰਵਿਆਂ ਨਾਲ ਵਾਬਿਸਤਾ ਹੋਵੇਗੀ ਪਰ ਜਿਉਂ-ਜਿਉਂ ਪਾਠਕ ਕਹਾਣੀ ਦਾ ਪਾਠ ਕਰਦਾ ਜਾਂਦਾ ਹੈ ਤਾਂ ਉਸ ਦੇ ਅੰਦਰ 'ਸਵਾਲ' ਪ੍ਰਸ਼ਨ ਚਿੰਨ੍ਹ ਬਣ ਕੇ ਖੜ੍ਹੇ ਹੁੰਦੇ ਜਾਂਦੇ ਹਨ ਤੇ ਕਤਲ ਦੀ ਗੁੱਥੀ ਹੋਰ ਉਲਝਦੀ ਜਾਂਦੀ ਹੈ। ਕਹਾਣੀ ਦੇ ਅੰਤ ਤੱਕ ਪਹੁੰਦਿਆਂ ਪਾਠਕ ਦੀ ਖੂਬ ਦਿਮਾਗੀ ਕਸਰਤ ਤਾਂ ਹੁੰਦੀ ਹੈ ਪਰ ਕਤਲ ਦੀ ਗੁੱਥੀ ਸੁਲਝ ਜਾਂਦੀ ਹੈ। ਕਹਾਣੀ ਵਿਚ ਸਰੀਰਕ ਤੌਰ 'ਤੇ ਕਿਸੇ ਸੰਤ ਦਾ ਕਤਲ ਨਹੀਂ ਹੁੰਦਾ ਬਲਕਿ ਕਤਲ ਅਸਲ ਵਿਚ ਪ੍ਰੋਫੈਸਰ ਦੇਸ਼ਬੰਧੂ ਦੀ ਧੁਰ ਆਤਮਾ ਵਿਚ ਬੈਠੇ 'ਸੰਤ' ਦਾ ਹੁੰਦਾ ਹੈ ਜੋ ਅਸਲ ਅਰਥਾਂ ਵਿਚ ਜਤੀ-ਸਤੀ 'ਸੰਤ' ਦੇ ਅਕੀਦਿਆਂ 'ਤੇ ਸਾਵਾਂ ਉਤਰਦਾ ਹੈ। ਪ੍ਰੋ. ਦੇਸ਼ ਬੰਧੂ ਦੇ ਅੰਦਰਲੇ ਇਸ 'ਸੰਤ ਦਾ ਕਤਲ' ਕਰਨ ਵਾਲੀਆਂ ਧਿਰਾਂ ਦੀ ਨਿਸ਼ਾਨਦੇਹੀ ਕਰਦੀ ਹੋਈ ਇਹ ਕਹਾਣੀ ਆਪਣਾ ਬਿਰਤਾਂਤਕ ਚੱਕਰ ਪੂਰਾ ਕਰਦੀ ਹੈ।

ਮਨੁੱਖੀ ਸਮਾਜ ਦੇ ਮੁਢਲੇ ਦੌਰ ਤੋਂ ਹੀ ਜਾਤ-ਪਾਤ ਭੇਦਭਾਵ ਮਨੁੱਖੀ ਸੁਭਾਅ ਦਾ ਖਾਸਾ ਰਿਹਾ ਹੈ। ਅਖੌਤੀ ਸਵਰਨ ਜਾਤੀਆਂ ਨੇ ਹਮੇਸ਼ਾ ਹੀ ਦਲਿਤ ਜਾਤੀਆਂ ਨੂੰ ਆਪਣੇ ਨਾਲੋਂ ਨੀਵੇਂ ਤੇ ਹੀਣੇ ਸਮਝਿਆ ਹੈ। ਅਜੋਕੇ ਦੌਰ ਵਿਚ ਵੀ ਪਿੰਡਾਂ ਦੀਆਂ ਫਿਰਨੀਆਂ 'ਤੇ ਵਸਦੇ ਇਨ੍ਹਾਂ ਜਾਤੀਆਂ ਦੇ ਲੋਕਾਂ ਨੂੰ ਕੰਮੀ-ਕਮੀਣ ਹੀ ਆਖਿਆ ਜਾਂਦਾ ਹੈ। ਇਨ੍ਹਾਂ ਜਾਤੀਆਂ ਨਾਲ ਸੰਬੰਧਿਤ ਲੋਕ ਜੇਕਰ ਤਰੱਦਦ ਕਰਕੇ ਆਰਥਿਕ ਤੌਰ 'ਤੇ ਮਜਬੂਤ ਹੋ ਕੇ ਆਪਣਾ ਜੀਵਨ ਪੱਧਰ ਉੱਚਾ ਚੁੱਕਣਾ ਚਾਹੁੰਦੇ ਹਨ ਤਾਂ ਅਖੌਤੀ ਸਵਰਨ ਜਾਤੀਆਂ ਦੇ ਬਹੁਤੇ ਲੋਕ ਇਨ੍ਹਾਂ ਨੂੰ ਛੇਤੀ ਕੀਤਿਆਂ ਅਜਿਹਾ ਨਹੀਂ ਕਰਨ ਦਿੰਦੇ। ਦਲਿਤ ਭਾਈਚਾਰਾ ਜੇ ਖੇਤਾਂ ਵਿਚੋਂ ਆਪਣੇ ਹੱਕਾਂ ਦੀ ਮੰਗ ਕਰਦਾ ਹੈ ਤਾਂ ਉਹਨਾਂ ਨੂੰ ਕਈ ਤਰ੍ਹਾਂ ਦੇ ਤਸੀਹੇ ਦਿੱਤੇ ਜਾਂਦੇ ਹਨ ਜਾਂ ਫਿਰ ਮੌਤ ਦਿੱਤੀ ਜਾਂਦੀ ਹੈ। ਹਥਲੀ ਰਚਨਾ ਵਿਚ ਵੀ ਪ੍ਰੋ. ਦੇਸ਼ ਬੰਧੂ ਦਾ ਪਰਿਵਾਰ ਰਾਜਸਥਾਨ ਦੇ ਪਿੰਡ ਜਾਤੀਟੋਲਾ ਵਿਚ ਰਹਿੰਦਾ ਸੀ। ਉਸ ਦੇ ਪਿਤਾ ਵੱਲੋਂ ਜਦੋਂ ਜਿਮੀਂਦਾਰ ਕੋਲੋਂ ਫ਼ਸਲ ਵਿਚੋਂ ਆਪਣਾ ਹਿੱਸਾ ਵਧਾਈ ਮੰਗੀ ਗਈ ਤਾਂ ਪਹਿਲਾਂ ਉਸ ਨੂੰ ਪੰਚਾਇਤ ਵਿਚ ਬੁਲਾ ਕੇ ਬੇਇਜ਼ਤੀ ਕੀਤੀ ਗਈ ਤੇ ਫਿਰ ਉਸ ਨੂੰ ਮਾਰ ਕੇ ਖੂਹ ਵਿਚ ਸੁੱਟ ਦਿੱਤਾ ਗਿਆ। ਉਸ ਨੇ ਆਪਣਾ ਹੱਕ ਮੰਗਿਆ ਸੀ ਪਰ ਮਿਲੀ ਮੌਤ।

> "...ਕਿਹੜੇ ਤਰਕਾਂ ਦੀ ਗੱਲ ਕਰਦਾਂ? ਤੈਨੂੰ ਪਤਾ ਮੇਰਾ ਬਾਪ

ਕਿਉਂ ਮਾਰਤਾ ਸੀ ? ਉਸ ਨੇ ਵੀ ਤਰਕ ਨਾਲ ਹੀ ਗੱਲ ਕੀਤੀ ਸੀ। ਫਸਲ 'ਚੋਂ ਹਿੱਸਾ ਵਧਾਈ ਮੰਗੀ ਸੀ। ਮੌਤ ਮਿਲੀ ਉਹਨੂੰ।"

ਇਉਂ ਕਹਾਣੀ ਉਨ੍ਹਾਂ ਸਥਿਤੀਆਂ ਨੂੰ ਰਜਿਸਟਰ ਕਰਦੀ ਹੈ ਜਦੋਂ ਦਲਿਤ ਭਾਈਚਾਰੇ ਵੱਲੋਂ ਆਪਣੇ ਹੱਕਾਂ ਦੀ ਮੰਗ ਕੀਤੀ ਜਾਂਦੀ ਹੈ ਪਰ ਅਖੌਤੀ ਸਵਰਨ ਜਾਤੀਆਂ ਵਾਲੇ ਉਨ੍ਹਾਂ ਨੂੰ ਹੱਕਾਂ ਦੀ ਥਾਂ ਮੌਤ ਦਿੰਦੇ ਹਨ। ਪਰਿਵਾਰ ਦੇ ਮੁਖੀ ਦਾ ਕਤਲ ਕਰਕੇ ਬਾਕੀ ਪਰਿਵਾਰ ਨੂੰ ਪਿੰਡ ਛੱਡਣ ਲਈ ਮਜਬੂਰ ਕਰ ਦਿੰਦੇ ਹਨ। ਇਹ ਸ਼ੋਸ਼ਣ ਤੇ ਵਿਤਕਰਾ ਸਦੀਆਂ ਤੋਂ ਦਲਿਤਾਂ ਦੀ ਹੋਣੀ ਬਣਿਆ ਆ ਰਿਹਾ ਹੈ। ਹਥਲੀ ਕਹਾਣੀ ਵਿਚ ਵੀ ਪ੍ਰੋ. ਬੰਧੂ ਦੇ ਪਰਿਵਾਰ ਨਾਲ ਵੀ ਇਹ ਹੋਣੀ ਵਾਪਰਦੀ ਹੈ। ਉਨ੍ਹਾਂ ਦੇ ਪਰਿਵਾਰ ਨੂੰ ਵੀ ਪਿੰਡੋਂ ਕੱਢ ਦਿੱਤਾ ਜਾਂਦਾ ਹੈ-

> "...ਉਸ ਤੋਂ ਛੋਟੀ ਸੱਤਿਆ ਮਾਂ ਦੇ ਕੁੱਛੜ ਤੋਰੀ ਵਾਂਗ ਲਮਕੀ ਪਈ ਸੀ। ਸਿਰ 'ਤੇ ਕੱਪੜਿਆਂ ਦੀ ਪੋਟਲੀ ਸੰਭਾਲੀ ਮਾਂ ਨੂੰ ਖ਼ੁਦ ਵੀ ਪਤਾ ਨਹੀਂ ਸੀ ਕਿ ਉਸ ਨੇ ਕਿਥੇ ਜਾਣਾ ਹੈ। ਉਸ ਨੂੰ ਤਾਂ ਬਸ ਏਨਾ ਪਤਾ ਸੀ ਕਿ ਉਨ੍ਹਾਂ ਦੇ ਪਿੰਡ ਜਾਤੀਟੋਲਾ ਵਿਚ ਉਨ੍ਹਾਂ ਲਈ ਕੋਈ ਥਾਂ ਬਚੀ ਨਹੀਂ ਸੀ। ਸਾਰਾ ਪਿੰਡ ਇਕ ਪਾਸੇ ਤੇ ਉਨ੍ਹਾਂ ਦੇ ਕੋੜਮੇ ਦੇ ਚਾਰ ਘਰ ਇਕ ਪਾਸੇ। ਪਿੰਡ ਵਿਚ ਉਨ੍ਹਾਂ ਦਾ ਕੁਨਬਾ ਹੀ ਕੰਮੀ ਕਮੀਣਾ ਦਾ ਸੀ। ਬਾਕੀ ਸਭ ਘਰ ਰਾਜਪੂਤਾਂ ਦੇ ਸਨ।"

ਆਪਣੇ ਪਤੀ ਦੇ ਕਤਲ ਹੋਣ ਤੋਂ ਬਾਅਦ ਪ੍ਰੋ. ਬੰਧੂ ਦੀ ਮਾਂ ਉਹਨੂੰ ਤੇ ਉਸ ਦੀ ਭੈਣ ਨੂੰ ਲੈ ਕੇ ਆਪਣੇ ਪੇਕੇ ਨਹੀਂ ਜਾਂਦੀ ਸਗੋਂ ਆਪਣੇ ਸ਼ਰੀਕਾਂ ਦੇ ਨਾਲ ਹੀ ਛੋਟੀ ਜਿਹੀ ਕੱਚੀ ਕੋਠੜੀ ਬਣਾ ਕੇ ਰਹਿਣ ਲਗਦੀ ਹੈ। ਲੋਕਾਂ ਦੇ ਭਾਂਡੇ ਮਾਂਜਦੀ, ਅੱਧੀ-ਅੱਧੀ ਰਾਤ ਤੱਕ ਫੁੱਟਬਾਲ ਸਿਉਂਦੀ ਤੇ ਨੇੜੇ ਦੇ ਡੇਰੇ ਵਿਚ ਸਾਫ਼ ਸਫ਼ਾਈ ਕਰਦੀ। ਦਿਨ-ਰਾਤ ਮੁਸ਼ੱਕਤ ਕਰਕੇ ਉਹ ਆਪਣੀ ਕਬੀਲਦਾਰੀ ਤੋਰਦੀ ਤੇ ਬੱਚਿਆਂ ਦੀਆਂ ਫੀਸਾਂ ਭਰਦੀ। ਉਹ ਹਰ ਹੀਲੇ ਆਪਣੇ ਪੁੱਤ ਤੇ ਧੀ ਦੀ ਪੜ੍ਹਾਈ ਜਾਰੀ ਰੱਖਣਾ ਚਾਹੁੰਦੀ ਸੀ ਤੇ ਗਰੀਬ ਹੋਣ ਕਾਰਨ ਦਲਿਤਾਂ ਨਾਲ ਹੁੰਦੇ ਧੱਕਿਆਂ, ਸ਼ੋਸ਼ਣਾ ਤੇ ਵੈਰ-ਵਿਰੋਧਾਂ ਤੋਂ ਮਹਿਫੂਜ਼ ਰੱਖਣਾ ਚਾਹੁੰਦੀ ਸੀ। ਇਉਂ ਇਹ ਕਹਾਣੀ ਦਲਿਤ ਔਰਤਾਂ ਦੇ ਦੂਹਰੇ-ਤੀਹਰੇ ਸੰਕਟਾਂ ਨੂੰ ਅਗਰਭੂਮੀ 'ਤੇ ਲੈ ਕੇ ਆਉਂਦੀ ਹੈ। ਜੇਕਰ ਉਹ ਪਿੰਡਾਂ ਵਿਚ ਜ਼ਿਮੀਦਾਰਾਂ ਦੇ ਘਰਾਂ ਤੇ ਖੇਤਾਂ ਵਿਚ ਕੰਮ ਕਰਦੀਆਂ ਹਨ ਤਾਂ ਉਹਨਾਂ ਦੀ ਹਵਸ ਦਾ ਸ਼ਿਕਾਰ ਬਣਦੀਆਂ ਹਨ। ਜੇਕਰ ਉਹ ਸ਼ਰਧਾ ਵੱਸ ਜਾਂ ਗ਼ਰੀਬੀ ਵੱਸ ਡੇਰਿਆਂ ਵਿਚ ਕੰਮ ਜਾਂ ਸੇਵਾ ਕਰਦੀਆਂ ਹਨ ਤਾਂ ਵੀ ਉਹ ਅਖੌਤੀ ਜਤੀ-ਸਤੀ ਸੰਤਾਂ/ਸਾਧਾਂ ਦੀ ਹਵਸ ਦਾ ਸ਼ਿਕਾਰ ਬਣਦੀਆਂ ਹਨ। ਹਥਲੀ ਰਚਨਾ ਦੀ ਪਾਤਰ ਰਾਮ ਦੁਲਾਰੀ ਵੀ ਅਜਿਹੀਆਂ ਕਰੂਰ ਸਥਿਤੀਆਂ ਦੀ ਭਾਗੀ ਬਣਦੀ ਹੈ। ਉਹ ਵੀ ਆਪਣੇ ਬੱਚਿਆਂ ਦੇ ਪਾਲਣ-ਪੋਸ਼ਣ ਲਈ ਨੇੜੇ ਦੇ ਡੇਰੇ ਵਿਚ ਕੰਮ ਕਰਦੀ ਹੈ। ਡੇਰੇ ਦੇ ਸੰਤਾਂ ਵੱਲੋਂ ਉਸ ਦਾ ਜਿਨਸੀ ਸ਼ੋਸ਼ਣ ਕੀਤਾ ਜਾਂਦਾ ਹੈ। ਅਜਿਹੇ ਸ਼ੋਸ਼ਣ ਨੂੰ ਉਹ ਆਪਣੇ ਸਰੀਰਕ ਤੇ ਮਾਨਸਿਕ ਧਰਾਤਲ 'ਤੇ ਹੀ

ਨਹੀਂ ਭੋਗਦੀ ਸਗੋਂ ਲੋਕਾਂ ਦੇ ਮਜਾਕ ਦਾ ਪਾਤਰ ਵੀ ਬਣਦੀ ਹੈ-

> "ਸੰਤਾਂ ਦੇ ਆਸਣ ਅਤੇ ਪੀੜ੍ਹਾ ਸਾਹਿਬ ਨੂੰ ਤਿਆਰ ਕਰਨ ਦੀ ਜ਼ਿੰਮੇਵਾਰੀ ਉਸ ਨੂੰ ਆਣ ਮਿਲੀ। ਜਿਹੜੀ ਸੇਵਾ ਸੇਵਾਦਾਰਨੀਆਂ ਨੂੰ ਸਾਲਾਂ ਤੋਂ ਨਹੀਂ ਸੀ ਮਿਲੀ, ਉਹ ਮੂੰਹ-ਮੱਥੇ ਲੱਗਦੀ ਰਾਮ ਦੁਲਾਰੀ ਨੂੰ ਦਿਨਾਂ ਵਿਚ ਹੀ ਮਿਲ ਗਈ। ਕਹਿਣ ਵਾਲੇ ਤਾਂ ਕਹਿੰਦੇ ਸਨ ਕਿ ਸੰਤਾਂ ਦੀ ਉਸ ਉਪਰ 'ਵਿਸ਼ੇਸ਼' ਕਿਰਪਾ ਦ੍ਰਿਸ਼ਟੀ ਹੋਈ ਹੈ।"

ਰਾਮ ਦੁਲਾਰੀ ਦੀ ਹੋਣੀ ਦਾ ਸੰਕਟ ਇਹ ਹੈ ਕਿ ਉਹ ਡੇਰੇ ਦੇ ਸੰਤਾਂ ਦੇ ਅਹਿਸਾਨਾਂ ਥੱਲੇ ਦੱਬੀ ਹੋਣ ਕਰਕੇ ਚਾਹ ਕੇ ਵੀ ਸੰਤਾਂ ਦਾ ਵਿਰੋਧ ਨਹੀਂ ਕਰਦੀ। ਇਕੱਲੀ ਉਹ ਹੀ ਨਹੀਂ ਸਗੋਂ ਉਸ ਦੇ ਪੁੱਤਰ ਦੇਸ਼ਬੰਧੂ ਨਾਲ ਵੀ ਡੇਰੇ ਦਾ ਛੋਟਾ ਸੰਤ ਪਰਮਦਾਸ ਬਦਫੈਲੀ ਕਰਦਾ ਹੈ। ਸੰਤਾਂ ਦੀਆਂ ਅਜਿਹੀ ਕਰਤੂਤਾਂ ਤੋਂ ਦੇਸ਼ ਬੰਧੂ ਨੂੰ ਡੇਰੇ ਨਾਲ ਅਜਿਹੀ ਨਫ਼ਰਤ ਹੁੰਦੀ ਹੈ ਕਿ ਮਾਂ ਵੀ ਉਸ ਨੂੰ ਜ਼ਹਿਰ ਵਰਗੀ ਲਗਦੀ ਹੈ। ਉਹ ਚਾਹ ਕੇ ਵੀ ਮਾਂ ਨੂੰ ਕੁਝ ਨਹੀਂ ਕਹਿ ਸਕਦਾ ਕਿਉਂਕਿ "ਉਹਦੀ ਮਾਂ ਡੇਰੇ ਦੇ ਅਹਿਸਾਨਾਂ ਥੱਲੇ ਦੱਬੀ ਹੋਈ ਸੀ ਤੇ ਉਹ ਮਾਂ ਦੀ ਵਿਰਾਨ ਜ਼ਿੰਦਗੀ ਦੀ ਜੱਦੋ ਜਹਿਦ ਥੱਲੇ।"

ਡੇਰੇ ਨਾਲ ਹੋਈ ਨਫ਼ਰਤ ਨੇ ਉਸ ਨੂੰ ਸਾਹਿਤ ਨਾਲ ਜੋੜਿਆ ਤੇ ਉਹ ਅੰਗਰੇਜ਼ੀ ਦਾ ਪ੍ਰੋਫੈਸਰ ਬਣ ਗਿਆ। ਪ੍ਰੋਫੈਸਰ ਬਣ ਕੇ ਵੀ ਉਹ ਮਾਂ ਨੂੰ ਡੇਰੇ ਜਾਣੋਂ ਰੋਕ ਨਾ ਸਕਿਆ ਉਸ ਨੇ ਮਾਂ ਨਾਲ ਇਕ ਮੂਕ ਸਮਝੌਤਾ ਕਰ ਲਿਆ। ਉਹ ਆਪਣੇ ਰਾਹ ਤੁਰਦੀ ਰਹੀ ਤੇ ਉਹ ਆਪਣੇ ਪਿਛਲੇ ਹੋਏ ਬੀਤੇ ਦੀ ਨਫ਼ਰਤ ਨੇ ਉਸ ਨੂੰ ਦੇਸ਼ ਭਗਤ ਯਾਦਗਾਰ ਹਾਲ ਨਾਲ ਜੋੜ ਦਿੱਤਾ। ਉੱਥੇ ਜਾ ਕੇ ਉਸ ਨੂੰ ਲੱਗਦਾ ਕਿ ਉਥੇ ਹੁੰਦੀਆਂ ਗੱਲਾਂ-ਬਾਤਾਂ ਉਸ ਦੇ ਹੋਏ ਬੀਤੇ ਦੀਆਂ ਗੱਲਾਂ-ਬਾਤਾਂ ਹਨ। ਉੱਥੇ ਆਉਂਦੇ ਜਾਂਦੇ ਬੰਦੇ ਉਸ ਨੂੰ ਆਪਣੇ-ਆਪਣੇ ਲੱਗਦੇ ਸਨ। ਥੋੜੇ ਸਮੇਂ ਵਿਚ ਹੀ ਉਹ ਇਕ 'ਪ੍ਰਤੀਨਿੱਧ' ਸਾਥੀ ਬਣ ਜਾਂਦਾ ਹੈ।

ਸਮਾਂ ਪਾ ਕੇ ਇਥੇ ਵੀ ਦੁਖਾਂਤ ਇਹ ਵਾਪਰਦਾ ਹੈ ਕਿ ਉਹਦੀ ਜਾਤ ਉਹਦੇ ਸ਼ੋਸ਼ਣ ਦਾ ਮੂਲ ਪ੍ਰੇਰਿਕ ਬਣ ਕੇ ਉਭਰਦੀ ਹੈ। ਅਖੌਤੀ ਮਾਰਕਸਵਾਦੀ ਵਿਚਾਰਧਾਰਾ ਦੇ ਸਮਰਥਕਾਂ ਦੁਆਰਾ ਗੱਲਾਂ ਤਾਂ ਸਮਾਜਵਾਦ ਤੇ ਮਿਹਨਤਕਸ਼ਾਂ ਦੇ ਹੱਕਾਂ ਦੀਆਂ ਕੀਤੀਆਂ ਜਾਂਦੀਆਂ ਹਨ ਪਰ ਆਪਣੇ ਅੰਦਰ ਘਰ ਕਰੀ ਬੈਠੀ ਜਾਤ-ਪਾਤ ਮਨੋਗ੍ਰੰਥੀ ਨੂੰ ਖਾਰਜ ਨਹੀਂ ਕਰ ਸਕੇ। ਇਸ ਜਾਤ-ਪਾਤੀ ਮਨੋਗ੍ਰੰਥੀ ਦੇ ਪ੍ਰਭਾਵ ਤਹਿਤ ਹੀ ਦੇਸ਼ ਭਗਤ ਯਾਦਗਾਰ ਹਾਲ ਦੇ ਕੁਝ ਅਖੌਤੀ ਸਵਰਨ ਜਾਤੀਆਂ ਦੇ ਆਹੁਦੇਦਾਰਾਂ ਵੱਲੋਂ ਪ੍ਰੋ. ਦੇਸ਼ਬੰਧੂ ਦੇ ਨਾਟਕ ਨੂੰ ਰਿਜੇਕਟ ਕੀਤਾ ਜਾਂਦਾ ਹੈ। ਪ੍ਰੋ. ਬੰਧੂ ਦੇ ਤਿਆਰ ਕੀਤੇ ਨਾਟਕ ਪਿਛਲੇ ਕਈ ਸਾਲਾਂ ਤੋਂ ਹਾਲ ਦੇ ਨਾਟਕ ਮੇਲੇ ਦੀ ਸ਼ਾਨ ਬਣਦੇ ਆ ਰਹੇ ਸਨ। ਇਹੀ ਸ਼ਾਨ ਅਖੌਤੀ ਸਮਾਜਵਾਦੀ ਸਾਥੀਆਂ ਤੋਂ ਜਰੀ ਨਹੀਂ ਜਾਂਦੀ। ਦਲਿਤ ਹੋਣ ਕਰਕੇ ਹੀ ਪ੍ਰੋ. ਦੇਸ਼ਬੰਧੂ ਨਾਲ ਅਜਿਹਾ ਵਿਤਕਰਾ ਕੀਤਾ ਜਾ ਰਿਹਾ ਸੀ। ਪ੍ਰੋ. ਬੰਧੂ ਜਿਸ ਜਾਤ-ਪਾਤ ਵਿਤਕਰੇ/ਸ਼ੋਸ਼ਣ ਤੋਂ ਪਿੱਛਾ ਛਡਾਉਣ ਲਈ ਪਹਿਲਾਂ ਆਪਣੇ ਜੱਦੀ ਪਿੰਡੋਂ, ਫਿਰ

ਡੇਰਿਓਂ ਹੁੰਦਾ ਹੋਇਆ ਦੇਸ਼ ਭਗਤ ਯਾਦਗਾਰ ਹਾਲ ਨਾਲ ਜੁੜਿਆ ਪਰ ਉਸ ਸ਼ੋਸ਼ਣ/ ਵਿਤਕਰੇ ਨੇ ਉਸ ਦਾ ਪਿੱਛਾ ਨਹੀਂ ਛੱਡਿਆ। ਉਹ ਸਮਾਜਵਾਦ, ਬਰਾਬਰਤਾ ਦਾ ਹੋਕਾ ਦੇਣ ਵਾਲੇ ਹਾਲ ਵਿੱਚ ਹੀ ਜਾਤ-ਪਾਤ ਸ਼ੋਸ਼ਣ ਦਾ ਭਾਗੀ ਬਣਦਾ ਹੈ। ਜਦੋਂ ਪ੍ਰੋ. ਸਹਿਜਪਾਲ ਪ੍ਰੋ. ਬੰਧੂ ਨੂੰ ਹਾਲ ਵਾਲਿਆਂ ਨਾਲ ਨਾਟਕ ਬਾਰੇ ਤਰਕ ਨਾਲ ਗੱਲ ਕਰਨ ਬਾਰੇ ਆਖਦਾ ਹੈ ਤਾਂ ਪ੍ਰੋ. ਬੰਧੂ ਰੋਣ-ਹਾਕਾ ਹੋ ਕੇ ਮੌਜੂਦਾ ਸਥਿਤੀ ਦੇ ਯਥਾਰਥ ਨੂੰ ਚਿੱਤਰ ਜਾਂਦਾ ਹੈ-

> "ਕੌਣ ਸੁਣਦਾ ਤਰਕ? ਸਭ ਸ਼ਕਲਾਂ ਵੇਖ ਗੱਲ ਕਰਦੇ। ਹਾਲ ਵਾਲਿਆਂ ਤੋਂ ਮੇਰੀ ਚੜ੍ਹਤ ਬਰਦਾਸ਼ਤ ਨਹੀਂ ਹੋਈ। ਮੇਰੀ ਬਜਾਇ ਕੁਲਵੰਤ ਧਾਲੀਵਾਲ ਨੂੰ ਪਲੇਅ ਦੇ ਤਾ।"
> "ਹੋ ਸਕਦਾ ਉਸ 'ਚ ਵੱਡੀ ਗੱਲ ਹੋਵੇ?"
> "ਵੱਡੀ ਗੱਲ ਸਾਲੀ ਧਾਲੀਵਾਲ ਹੋਣ 'ਚ ਐ"

ਇਉਂ ਕਹਾਣੀ ਦੇਸ਼ ਭਗਤ ਯਾਦਗਾਰ ਹਾਲ ਦੇ ਨਿਭਾਏ ਜਾਂਦੇ ਕਿਰਦਾਰ 'ਤੇ ਵੀ ਪ੍ਰਸ਼ਨ ਚਿੰਨ੍ਹ ਲਾਉਂਦੀ ਹੈ। ਬੇਸ਼ੱਕ ਹਾਲ ਦੀਆਂ ਮੀਟਿੰਗਾਂ, ਸਮਾਗਮਾਂ ਤੇ ਹੋਰ ਸਰਗਰਮੀਆਂ ਵਿਚ ਜਾਤ-ਪਾਤ, ਊਚ-ਨੀਚ ਰਹਿਤ ਸਮਾਜ ਦੀ ਸਿਰਜਣਾ ਦੀ ਦੁਹਾਈ ਪਾਈ ਜਾਂਦੀ ਹੈ ਪਰ ਹਾਲ ਦੇ ਅਸਲੀ ਚਿਹਰੇ ਨੂੰ ਕਹਾਣੀ ਪਾਠਕ ਸਾਹਮਣੇ ਬੇਨਕਾਬ ਕਰ ਜਾਂਦੀ ਹੈ।

ਪ੍ਰੋ. ਦੇਸ਼ ਬੰਧੂ ਹੁਸ਼ਿਆਰਪੁਰ ਦੇ ਸਰਕਾਰੀ ਕਾਲਜ ਵਿਚ ਅੰਗਰੇਜ਼ੀ ਦਾ ਪ੍ਰੋਫੈਸਰ ਹੈ। ਆਪਣੀ ਮਿਹਨਤ, ਲਗਨ ਅਤੇ ਪਰਉਪਕਾਰੀ ਸੁਭਾਅ ਕਾਰਨ ਉਹ ਹਰ ਵੇਲੇ ਕਾਲਜ ਅਤੇ ਵਿਦਿਆਰਥੀਆਂ ਦੇ ਹਿੱਤਾਂ ਲਈ ਕੰਮ ਕਰਦਾ ਰਹਿੰਦਾ ਹੈ। ਉਹ ਕਾਲਜ ਵਿਚ ਐਸ.ਸੀ. ਵਿਦਿਆਰਥੀਆਂ ਦੀ ਭਲਾਈ ਲਈ ਬਣੀ ਕਮੇਟੀ ਦਾ ਵੀ ਇੰਚਾਰਜ ਹੈ। ਉਹ ਗਰੀਬ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਸੁਣਦਾ ਅਤੇ ਉਹਨਾਂ ਨੂੰ ਹੱਲ ਕਰਨ ਦਾ ਹਰ ਹੀਲਾ ਵਰਤਦਾ ਹੈ। ਉਹ ਵਿਦਿਆਰਥੀਆਂ ਨੂੰ ਜ਼ਿੰਦਗੀ ਜਿਊਣ ਦੇ ਗੁਰ ਦਸਦਾ ਅਤੇ ਬੇਇਨਸਾਫੀ ਖਿਲਾਫ਼ ਖੜ੍ਹੇ ਹੋਣ ਦੇ ਪਾਠ ਪੜ੍ਹਾਉਂਦਾ ਹੈ। ਉਹ ਉਹਨਾਂ ਦੀ ਪੈਸੇ ਧੇਲੇ ਨਾਲ ਮੱਦਦ ਵੀ ਕਰਦਾ ਹੈ। ਵਿਦਿਆਰਥੀ ਵੀ ਪ੍ਰੋ. ਬੰਧੂ ਨੂੰ ਬੇਹੱਦ ਸਤਿਕਾਰ ਦਿੰਦੇ ਹਨ। ਉਹਨਾਂ ਦਾ ਇਕੱਠ ਹਮੇਸ਼ਾ ਪ੍ਰੋ. ਬੰਧੂ ਨੂੰ ਘੇਰੀ ਰੱਖਦਾ ਹੈ। ਇਨ੍ਹਾਂ ਵਿਦਿਆਰਥੀਆਂ ਨੂੰ ਬਹੁਤੇ ਅਖੌਤੀ ਸਵਰਨ ਜਾਤੀਆਂ ਦੇ ਪ੍ਰੋਫੈਸਰ ਨਫ਼ਰਤ ਦੀ ਅੱਖ ਨਾਲ ਵੇਖਦੇ ਹਨ। ਅਜਿਹਾ ਹੀ ਪ੍ਰੋਫੈਸਰ ਭਾਟੀਆ ਪ੍ਰੋ. ਬੰਧੂ ਨੂੰ ਆਖਦੀ ਹੈ-

> "ਬੰਧੂ ਜੀ, ਇਨ ਬੱਚੋ ਕੋ ਬਾਹਰ ਹੀ ਅਟੈਂਡ ਕਰ ਲੀਆ ਕੀਜੇ।
> ਦੇਖੀਏ ਕਾਰਪੈਟ ਪੇ ਡਸਟ ਹੀ ਡਸਟ ਬਿਖਰੀ ਪੜੀ ਹੈ।"

ਇਉਂ ਇਹ ਕਹਾਣੀ ਉਹਨਾਂ ਅਖੌਤੀ ਸਵਰਨ ਜਾਤੀਆਂ ਦੇ ਪ੍ਰੋਫੈਸਰਾਂ ਦੇ ਅਵਚੇਤਨੀ ਧਰਾਤਲ ਨੂੰ ਵੀ ਪਾਠਕ ਦੇ ਸਨਮੁੱਖ ਲਿਆਉਂਦੀ ਹੈ, ਜਿਹੜੇ ਨੌਕਰੀ ਤਾਂ ਸਰਕਾਰੀ ਕਾਲਜਾਂ ਵਿਚ ਕਰਨਾ ਚਾਹੁੰਦੇ ਹਨ ਪਰ ਇਨ੍ਹਾਂ ਸਰਕਾਰੀ ਕਾਲਜਾਂ ਵਿਚ

ਪੜ੍ਹਦੇ 80 ਪ੍ਰਤੀਸ਼ਤ ਦਲਿਤ ਵਿਦਿਆਰਥੀਆਂ ਨੂੰ ਪੜ੍ਹਾਉਣਾ ਹੀ ਨਹੀਂ ਚਾਹੁੰਦੇ ਸਗੋਂ ਨਸਲੀ ਨਫ਼ਰਤ ਵੀ ਕਰਦੇ ਹਨ। ਦਲਿਤ ਵਿਦਿਆਰਥੀਆਂ ਕਰਕੇ ਹੀ ਸਰਕਾਰੀ ਕਾਲਜਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਪੂਰੀ ਹੁੰਦੀ ਹੈ ਤੇ ਤਾਂ ਹੀ ਪ੍ਰੋਫੈਸਰਾਂ ਦੀਆਂ ਪੋਸਟਾਂ ਬਣੀਆਂ ਰਹਿੰਦੀਆਂ ਹਨ। ਇਸੇ ਪਰਿਪੇਖ ਵਿਚ ਹੀ ਪ੍ਰੋ. ਬੰਧੂ ਮੈਡਮ ਭਾਟੀਆ ਨੂੰ ਕਰਾਰਾ ਜਵਾਬ ਦਿੰਦਾ ਹੈ-

> "ਮੈਡਮ ਜੀ, ਇੰਨ੍ਹੀ ਕੀ ਕਿਰਪਾ ਸੇ ਸਜੇ ਹਮ ਹੈਂ। ਮਿੱਟੀ, ਲੈਅ ਮਿੱਟੀ ਦਾ ਕੀ ਐ, ਲਿਆਓ ਮੈਂ ਸਾਫ ਕਰ ਦਿੰਨਾ।"

ਆਪਣੀ ਮਿਹਨਤ, ਲਗਨ ਅਤੇ ਸਿਰੜ ਕਰਕੇ ਹੀ ਪ੍ਰੋ. ਬੰਧੂ ਕਾਲਜ ਦੀਆਂ ਬਹੁਤ ਸਾਰੀਆਂ ਸਰਗਰਮੀਆਂ ਦਾ ਕੇਂਦਰੀ ਧੁਰਾ ਬਣ ਜਾਂਦਾ ਹੈ। ਇਹ ਧੁਰਾ ਬਣਨ ਲਈ ਬਹੁਤੇ ਹੋਰ ਪ੍ਰੋਫੈਸਰ ਵੀ ਤਰਲੋਮੱਛੀ ਹੁੰਦੇ ਹਨ ਪਰ ਕਿਸੇ ਦੀ ਕੋਈ ਵਾਹ ਨਹੀਂ ਜਾਂਦੀ। ਕਾਲਜ ਵਿਚ ਕੋਈ ਫੰਕਸ਼ਨ ਹੁੰਦਾ ਉਹ ਊਰੀ ਵਾਂਗ ਘੁੰਮਿਆ ਫਿਰਦਾ। ਇਸ ਕਰਕੇ ਨਵੇਂ ਆਏ ਪ੍ਰਿੰਸੀਪਲ ਗੁਪਤੇ ਨੇ ਆਉਣ ਸਾਰ ਹੀ ਪ੍ਰੋ. ਬੰਧੂ ਨੂੰ ਕਾਲਜ ਦਾ 'ਟੇਲੈਂਟ ਹੰਟ' ਕਰਵਾਉਣ ਦੀ ਜ਼ਿੰਮੇਵਾਰੀ ਦਿੱਤੀ ਪਰ ਪ੍ਰੋ. ਗਿੱਲ ਤੇ ਉਸ ਦਾ ਗਰੁੱਪ ਅੱਗ-ਬੰਬੂਲਾ ਬਣਕੇ ਮਚਦੇ ਹਨ। ਪ੍ਰੋ. ਬੰਧੂ ਪਹਿਲਾਂ ਕਾਲਜ ਦਾ 'ਟੇਲੰਟ ਹੰਟ' ਤੇ ਫਿਰ ਯੂਨੀਵਰਸਿਟੀ ਯੁਵਕ ਮੇਲੇ ਦੀ ਜੇਤੂ ਟਰਾਫੀ ਨਾਲ ਕਾਲਜ ਪਰਤਦਾ ਹੈ। ਇਨ੍ਹਾਂ ਪ੍ਰਾਪਤੀਆਂ ਦੇ ਪ੍ਰਭਾਵ ਤਹਿਤ ਉਹ ਗਰੀਬ ਵਿਦਿਆਰਥੀਆਂ ਦਾ ਹੀ ਨਹੀਂ ਸਗੋਂ ਸਾਰੇ ਵਿਦਿਆਰਥੀਆਂ ਦਾ ਨਾਇਕ ਬਣ ਜਾਂਦਾ ਹੈ।

ਕਾਲਜ ਦਾ 'ਪੰਜਾਹਵਾਂ ਸਥਾਪਨਾ' ਦਿਵਸ ਮਨਾਉਣ ਦੀ ਜ਼ਿੰਮੇਵਾਰੀ ਵੀ ਪ੍ਰੋ. ਬੰਧੂ ਦੇ ਜ਼ੁੰਮੇ ਹੀ ਲਾਈ ਜਾਂਦੀ ਹੈ। ਬੇਸ਼ੱਕ ਕਾਲਜ ਦਾ ਪ੍ਰਿੰਸੀਪਲ ਇਸ ਸਮਾਗਮ ਨੂੰ ਸੱਤਾ ਦੇ ਨੇੜੇ ਹੋਣ ਦੇ ਸਾਧਨ ਵਜੋਂ ਵਰਤਦਾ ਹੈ ਪਰ ਕਾਲਜ ਦਾ ਸਥਾਪਨਾ ਦਿਵਸ ਦੂਰ-ਦੂਰ ਤੱਕ ਧੁੰਮਾ ਪਾ ਦਿੰਦਾ ਹੈ। ਸੈਂਟਰ ਦਾ ਮੰਤਰੀ ਤੇ ਸਿੱਖਿਆ ਮੰਤਰੀ ਵੀ ਸਟੇਜ 'ਤੇ ਕਾਲਜ ਦੀਆਂ ਸਿਫਤਾਂ ਕਰਦੇ ਹਨ ਅਤੇ ਦਸ ਲੱਖ ਦੀ ਗਰਾਂਟ ਕਾਲਜ ਨੂੰ ਦੇ ਕੇ ਜਾਂਦੇ ਹਨ। ਇਸ ਸਭ ਦਾ ਸਿਹਰਾ ਪ੍ਰੋ. ਬੰਧੂ ਦੀ ਮਿਹਨਤ ਅਤੇ ਲਗਨ ਦੇ ਸਿਰ ਬੰਨ੍ਹਿਆ ਜਾਂਦਾ ਹੈ ਤੇ ਉਸ ਨੂੰ ਸਟਾਫ ਸੈਕਟਰੀ ਬਣਾਉਣ ਦੀ ਗੱਲ ਵੀ ਤੁਰਦੀ ਹੈ। ਪ੍ਰੋ. ਦੇਸ਼ਬੰਧੂ ਦੀ ਅਜਿਹੀ ਚੜ੍ਹਤ ਵੇਖ ਕੇ ਪ੍ਰੋ. ਬਰਾੜ ਤੇ ਉਸ ਦੀ ਜੁੰਡਲੀ ਅਤੇ ਪ੍ਰੋ. ਗਿੱਲ ਅਤੇ ਉਸ ਦਾ ਗਰੁੱਪ ਪ੍ਰੋ. ਬੰਧੂ 'ਤੇ ਕਚੀਚੀਆਂ ਲੈਂਦੇ ਹਨ ਅਤੇ ਉਸ ਦੇ ਵਿਰੁੱਧ ਕੋਈ ਸਾਜ਼ਿਸ਼ ਰਚਨ ਦਾ ਮਤਾ ਪਕਾਉਂਦੇ ਹਨ। ਪ੍ਰੋ. ਗਿੱਲ ਆਪਣੀ ਜਾਤੀਗਤ ਹਉਮੈ ਦੇ ਵੇਗ ਵਿਚ ਆਇਆ ਆਪਣੇ ਸਾਥੀਆਂ ਨੂੰ ਪ੍ਰੋ. ਦੇਸ਼ ਬੰਧੂ ਬਾਰੇ ਆਖਦਾ ਹੈ-

> "ਦੇਖ ਲਿਆ ਚਮਾਰੜੀ ਨੂੰ ਭੁਚਲਾਉਣ ਦਾ ਨਜ਼ਾਰਾ ? ਮੈਂ ਤੁਹਾਨੂੰ ਕਿਹਾ ਸੀ ਨਾ, ਇਹਨੂੰ ਜੇ ਗੁੱਠ 'ਚੋਂ ਬਾਹਰ ਕੱਢੋਗੇ ਤਾਂ ਸਭ ਨੂੰ ਗੁੱਠੇ ਲਾਊ। ਮਨਿਸਟਰ ਤੁਹਾਡਾ, ਸੱਦਿਆ ਤੁਸੀਂ ਤੇ ਸਾਰੇ ਇਲਾਕੇ ਸਾਹਮਣੇ ਹੀਰੋ ਬਣੇ ਇਹ ਚੜ੍ਹੱਤ ?"

ਇਓਂ ਹਥਲੀ ਕਹਾਣੀ ਕਾਲਜਾਂ ਵਿਚ ਪ੍ਰੋਫੈਸਰੀ ਦੇ ਆਹੁਦਿਆਂ 'ਤੇ ਕੰਮ ਕਰਦੇ ਅਖੌਤੀ ਨੇਸ਼ਨ ਬਿਲਡਰਾਂ ਦੇ ਘਿਣਾਉਣੇ ਚਿਹਰਿਆਂ ਤੋਂ ਨਕਾਬ ਧੂਹ ਕੇ ਲਾਹੁੰਦੀ ਹੈ ਤੇ ਉਹਨਾਂ ਨੂੰ ਪਾਠਕ ਸਾਹਮਣੇ ਬੇਨਕਾਬ ਕਰਦੀ ਹੈ। ਇਹ ਕਹਾਣੀ ਭਾਰਤ ਦੇ ਉਸ ਪੜ੍ਹੇ-ਲਿਖੇ ਕੁਲੀਨ ਵਰਗ ਦੇ ਅਵਚੇਤਨੀ ਧਰਾਤਲ 'ਤੇ ਵਿਚਰਦੇ ਕਰੂਰ ਯਥਾਰਥ ਨੂੰ ਅਗਰਭੂਮੀ 'ਤੇ ਲੈ ਕੇ ਆਉਂਦੀ ਹੈ ਜਿਹੜਾ ਜ਼ਾਹਿਰ ਤਾਂ ਇਹ ਕਰਦਾ ਹੈ ਕਿ ਉਹਦੇ ਵਰਗਾ ਸਿਆਣਾ ਸਮਝਦਾਰ ਤੇ ਸਮਾਜ ਹਿਤੈਸ਼ੀ ਕੋਈ ਨਹੀਂ ਪਰ ਉਸ ਦੇ ਅੰਦਰ ਵਸਿਆ ਜਾਤ-ਪਾਤ ਦਾ ਕੋਹੜ ਅਜੇ ਵੀ ਜਿਉਂ ਦਾ ਤਿਉਂ ਹੈ। ਅਖੌਤੀ ਸਵਰਨ ਜਾਤੀਆਂ ਨਾਲ ਸੰਬੰਧਤ ਬਹੁਤੇ ਪ੍ਰੋਫੈਸਰ ਦਲਿਤ ਪ੍ਰੋ. ਬੰਧੂ ਦੀ ਵਧਦੀ ਲੋਕ ਪ੍ਰਿਯਤਾ ਵੇਖ ਕੇ ਖੁਸ਼ ਨਹੀਂ ਹੁੰਦੇ ਸਗੋਂ ਉਸ ਨੂੰ ਗੁੱਠੇ ਲਾਉਣਾ ਚਾਹੁੰਦੇ ਹਨ। ਇਸੇ ਇੱਛਾ ਤਹਿਤ ਹੀ ਉਹ ਸਾਜ਼ਿਸ਼ ਕਰਕੇ ਪ੍ਰੋ. ਬੰਧੂ ਦਾ ਨਾਜਾਇਜ਼ ਢੰਗ ਦਾ ਪੋਸਟਰ ਕਾਲਜ ਦੀ ਹੀ ਦਲਿਤ ਵਿਦਿਆਰਥਣ ਕਾਮਨੀ ਕਲੇਰ ਨਾਲ ਛਪਵਾ ਕੇ ਕਾਲਜ ਦੀਆਂ ਕੰਧਾਂ 'ਤੇ ਚਿਪਕਾ ਦਿੰਦੇ ਹਨ। ਕਹਾਣੀ ਇਥੇ ਸੰਕੇਤ ਕਰਦੀ ਹੈ ਕਿ ਅਖੌਤੀ ਸਵਰਨ ਜਾਤੀਆਂ ਦੇ ਬਹੁਤੇ ਪ੍ਰੋਫੈਸਰ ਆਪਣੀ ਮੰਨੂਵਾਦੀ ਪ੍ਰਵਿਰਤੀ ਅਧੀਨ ਤੇ ਆਪਣੀਆਂ ਕਿੜ੍ਹਾਂ ਕੱਢਣ ਲਈ ਪ੍ਰੋ. ਬੰਧੂ ਵਰਗੇ ਪ੍ਰੋਫੈਸਰ ਨੂੰ ਹੀ ਆਪਣੇ ਸ਼ੋਸ਼ਣ ਦਾ ਸ਼ਿਕਾਰ ਨਹੀਂ ਬਣਾਉਂਦੇ ਸਗੋਂ ਕਾਮਨੀ ਕਲੇਰ ਵਰਗੀਆਂ ਦਲਿਤ ਵਿਦਿਆਰਥਣਾਂ ਨੂੰ ਵੀ ਬਦਨਾਮ ਕਰ ਦਿੰਦੇ ਹਨ।

ਕਹਾਣੀ ਵਿਚ ਅਖੌਤੀ ਸਵਰਨ ਜਾਤੀਆਂ ਦੇ ਪ੍ਰੋਫੈਸਰਾਂ ਦਾ ਇਹ ਟੋਲਾ ਉਸ ਪੋਸਟਰ ਨੂੰ ਲੈ ਕੇ ਪ੍ਰਿੰਸੀਪਲ ਨੂੰ ਪ੍ਰੋ. ਬੰਧੂ ਖਿਲਾਫ਼ ਕਾਰਵਾਈ ਕਰਨ ਦੀ ਮੰਗ ਕਰਦੇ ਹਨ। ਪ੍ਰਿੰਸੀਪਲ ਵੀ ਪ੍ਰੋ. ਬੰਧੂ ਤੋਂ ਕੋਈ ਸਫ਼ਾਈ ਸੁਣੇ ਤੋਂ ਬਗੈਰ ਹੀ ਉਸ ਦੇ ਵਿਰੁੱਧ ਫੈਸਲਾ ਦਿੰਦਾ ਹੈ। ਜਿਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਪ੍ਰੋ. ਬੰਧੂ ਡਿਪਰੈਸ਼ਨ ਵਿਚ ਚਲਾ ਜਾਂਦਾ ਹੈ।

ਕਾਲਜ ਦੇ ਸਾਲਾਨਾ ਖੇਡ ਮੇਲੇ ਵਿਚ ਪਿਛਲੇ ਦਸ ਸਾਲਾਂ ਵਿਚ ਪਹਿਲੀ ਵਾਰ ਪ੍ਰੋ. ਬੰਧੂ ਦੀ ਥਾਂ ਪ੍ਰੋ. ਗਿੱਲ ਮਾਇਕ ਵਿਚ ਬੋਲ ਰਿਹਾ ਸੀ। ਸਿੱਖਿਆ ਮੰਤਰੀ ਤੇ ਇਲਾਕੇ ਦੇ ਹੋਰ ਚੌਧਰੀ ਵੀ ਮੰਚ 'ਤੇ ਹਾਜ਼ਰ ਸਨ ਤੇ ਪ੍ਰੋ. ਬੰਧੂ ਟ੍ਰੈਕ ਵਿੱਚ ਸਿਰ ਸੁੱਟੀ ਆਪਣੀ ਡਿਊਟੀ ਕਰ ਰਿਹਾ ਸੀ। ਖੇਡਾਂ ਚਲਦੀਆਂ ਰਹੀਆਂ ਤੇ ਫੈਸਲੇ ਹੁੰਦੇ ਰਹੇ। ਮੈਡਮ ਸੁਜਾਤਾ ਅਵਸਥੀ ਨੇ ਦਲਿਤ ਖਿਡਾਰਨ ਕਾਮਨੀ ਕਲੇਰ ਦੇ ਉਲਟ ਸਵਰਨ ਜਾਤੀ ਵਿਦਿਆਰਥਣ ਸੁਖਵੰਤ ਬਰਾੜ ਨੂੰ ਜੇਤੂ ਕਰਾਰ ਦਿੱਤਾ ਤਾਂ ਪ੍ਰੋ. ਬੰਧੂ ਭੜਕ ਪਿਆ। ਉਸ ਨੂੰ ਪਤਾ ਸੀ ਕਿ ਵਜੀਫੇ ਨਾਲ ਪੜ੍ਹ ਰਹੀ ਦਲਿਤ ਵਿਦਿਆਰਥਣ ਨੂੰ ਬੈਸਟ ਅਥਲੀਟ ਬਣਨ 'ਤੇ ਮਿਲਣ ਵਾਲਾ ਦਸ ਹਜ਼ਾਰ ਦਾ ਇਨਾਮ ਉਸ ਦੇ ਹੱਥੋਂ ਖੁਸ ਜਾਣਾ ਸੀ। ਇਸ ਲਈ ਉਹ ਹਰ ਹਾਲਤ 'ਤੇ ਉਸ ਨੂੰ ਇਹ ਇਨਾਮ ਦਿਵਾਉਣਾ ਚਾਹੁੰਦਾ ਸੀ।

> "ਗੁੱਸੇ ਦੀ ਛੱਲ ਵਿਚ ਉਲਝਿਆ ਬੰਧੂ ਇਹ ਭੁੱਲ ਗਿਆ ਕਿ ਏਸੇ ਕਾਮਨੀ ਕਲੇਰ ਨਾਲ ਹੀ ਉਸ ਦੇ ਕਾਲਜ ਵਿਚ ਪੋਸਟਰ ਛਪੇ

ਸਨ। ਉਸ ਨੂੰ ਤਾਂ ਇਸ ਵਕਤ ਇਹੀ ਯਾਦ ਸੀ ਕਿ ਇਸ ਫੈਸਲੇ ਨਾਲ ਬੈਸਟ ਅਥਲੀਟ ਨੂੰ ਮਿਲਣ ਵਾਲਾ ਦਸ ਹਜ਼ਾਰ ਰੁਪਇਆ ਕਾਮਨੀ ਹੱਥੋਂ ਖੁਸ ਜਾਣਾ ਹੈ।...ਇਸ ਨਤੀਜੇ ਨਾਲ ਬਾਜ਼ੀ ਪਲਟ ਜਾਣੀ ਸੀ। ਵਜੀਫੇ ਨਾਲ ਪੜ੍ਹਾਈ ਕਰ ਰਹੀ ਕਾਮਨੀ ਦੀ ਲੋੜ ਹੀ ਬੰਧੂ ਨੂੰ ਇਸ ਵਕਤ ਸਭ ਤੋਂ ਵੱਡੀ ਲੱਗੀ। ਆਪਣੇ ਵਕਾਰ ਤੋਂ ਵੀ ਵੱਡੀ। ਉਸ ਲਈ ਬਾਕੀ ਸਭ ਕੁਝ ਮਨਫ਼ੀ ਹੋ ਗਿਆ।"

ਇਉਂ ਪ੍ਰੋ. ਬੰਧੂ ਆਪਣੇ ਵਕਾਰ ਨੂੰ ਵੀ ਦਾਅ ਉੱਤੇ ਲਾ ਕੇ ਦਲਿਤ ਵਿਦਿਆਰਥੀਆਂ ਦੀ ਮੱਦਦ ਕਰਦਾ-ਕਰਦਾ ਉਸ ਹੋਣੀ ਦਾ ਸ਼ਿਕਾਰ ਬਣਦਾ ਹੈ, ਜਿਸ ਹੋਣੀ ਨੂੰ ਲੈ ਕੇ ਭਾਰਤ ਵਰਗੇ ਮੁਲਕ ਵਿਚ ਦਲਿਤ ਬੰਦਾ ਪੈਦਾ ਹੁੰਦਾ ਹੈ। ਇਸ ਫੈਸਲੇ ਦੇ ਵਿਰੋਧ ਵਿਚ ਉਠਾਈ ਆਵਾਜ਼ ਕਾਰਨ ਹੀ ਗੈਂਗਬਾਜ ਪ੍ਰੋਫੈਸਰਾਂ ਵੱਲੋਂ ਕੀਤੀਆਂ ਸ਼ਿਕਾਇਤਾਂ ਦੇ ਅਧਾਰ 'ਤੇ ਹੀ ਪ੍ਰੋ. ਬੰਧੂ ਨੂੰ ਅਗਲੇ ਹੀ ਦਿਨ ਮੁਅੱਤਲੀ ਦਾ ਹੁਕਮ ਫੈਕਸ ਰਾਹੀਂ ਕਾਲਜ ਵਿਚ ਪਹੁੰਚ ਜਾਂਦਾ ਹੈ।

ਪ੍ਰੋ. ਦੇਸ਼ ਬੰਧੂ ਨੂੰ ਆਪਣੀ ਮਿਹਨਤ, ਲਗਨ ਤੇ ਦਿਆਨਤਦਾਰੀ ਦਾ ਇਨਾਮ ਇਸ ਨੌਕਰੀ ਤੋਂ ਮੁਅੱਤਲੀ ਮਿਲਿਆ ਸੀ। ਅਖੌਤੀ ਨੇਸ਼ਨ ਬਿਲਡਰਾਂ ਨੇ ਪ੍ਰੋ. ਬੰਧੂ ਨੂੰ ਐਸਾ ਪਰੇਸ਼ਾਨ ਕੀਤਾ ਕਿ ਉਸ ਨੂੰ ਹਾਰਟ ਅਟੈਕ ਆ ਗਿਆ ਸੀ। ਉਹ ਚੌਧਰੀ ਹਸਪਤਾਲ ਦੇ ਆਈ.ਸੀ.ਯੂ. ਵਿਚ ਪਿਆ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹਾ ਸੀ। ਇਉਂ ਭਾਰਤੀ ਜਾਤੀ-ਜਮਾਤੀ ਸਮਾਜ ਦੀਆਂ ਅਖੌਤੀ ਸਵਰਨ ਜਾਤੀਆਂ ਦੇ ਕੁਲੀਨ ਵਰਗ ਨੇ ਪ੍ਰੋ. ਬੰਧੂ ਦੇ ਅੰਦਰਲੇ ਸੰਤ ਦਾ ਕਤਲ ਕਰ ਦਿੱਤਾ ਸੀ ਜੋ ਸਹੀ ਮਾਨਿਆ ਵਿਚ ਸੰਤ ਦੇ ਅਕੀਦਿਆਂ 'ਤੇ ਸੋਲਾਂ ਆਨੇ ਸੱਚਾ ਉਤਰਦਾ ਸੀ।

'ਸੰਤ ਦਾ ਕਤਲ' ਕਹਾਣੀ ਭਾਰਤੀ ਜਾਤੀ-ਜਮਾਤੀ ਸਮਾਜ ਵਿਚ ਵਿਚਰ ਰਹੇ ਦਲਿਤਾਂ ਦੇ ਜੀਵਨ ਯਥਾਰਥ ਨੂੰ ਬਾਖੂਬੀ ਚਿਤਰਦੀ ਹੈ। ਦਲਿਤ ਭਾਈਚਾਰਾ ਪਿੰਡਾਂ ਵਿਚ ਆਰਥਿਕ ਤੰਗੀਆਂ ਤੁਰਸ਼ੀਆਂ ਦਾ ਭੰਨਿਆ, ਕੰਮੀ ਕਮੀਣ ਬਣ ਕੇ ਹੀ ਅਖੌਤੀ ਸਵਰਨ ਜਾਤੀਆਂ ਦੇ ਆਰਥਿਕ ਤੇ ਸਰੀਰਕ ਸ਼ੋਸ਼ਣ ਦਾ ਭਾਗੀ ਨਹੀਂ ਬਣਦਾ ਸਗੋਂ ਆਰਥਿਕ ਤੌਰ 'ਤੇ ਮਜ਼ਬੂਤ ਹੋ ਕੇ ਵੀ ਸ਼ੋਸ਼ਣ ਦਾ ਭਾਗੀ ਬਣਿਆ ਰਹਿੰਦਾ ਹੈ। ਹਥਲੀ ਕਹਾਣੀ ਵੀ ਅਜਿਹੇ ਹੀ ਦਲਿਤ ਪਰਿਵਾਰ ਦੀਆਂ ਸੰਕਟਮਈ ਸਥਿਤੀਆਂ ਨਾਲ ਜੁੜੀ ਹੋਈ ਹੈ। ਇਹ ਪਰਿਵਾਰ ਵੀ ਖੇਤ ਮਜਦੂਰ ਤੋਂ ਪ੍ਰੋਫੈਸਰ ਤੱਕ ਦਾ ਸਫ਼ਰ ਤੈਅ ਕਰਦਾ ਹੈ ਪਰ ਨਿਰੰਤਰ ਅਖੌਤੀ ਸਵਰਨ ਜਾਤੀਆਂ ਦੁਆਰਾ ਕੀਤੇ ਜਾਂਦੇ ਜਾਤੀਗਤ ਭੇਦ-ਭਾਵ ਤੇ ਸ਼ੋਸ਼ਣ ਦਾ ਸ਼ਿਕਾਰ ਬਣਿਆ ਰਹਿੰਦਾ ਹੈ। ਭਾਰਤ ਵਿਚ ਬ੍ਰਾਹਮਣਵਾਦ ਦੁਆਰਾ ਸਿਰਜੀ ਗਈ ਜਾਤ-ਪਾਤ ਵਿਵਸਥਾ ਭਾਰਤੀ ਲੋਕਾਂ ਦੇ ਧੁਰ ਅਵਚੇਤਨ ਵਿਚ ਆਪਣਾ ਘਰ ਕਰੀ ਬੈਠੀ ਹੈ। ਅਨੇਕਾਂ ਸਮਾਜ ਸੁਧਾਰਕਾਂ, ਸੰਤਾਂ, ਫ਼ਕੀਰਾ ਅਤੇ ਸੰਵਿਧਾਨਕ ਤੌਰ 'ਤੇ ਵੀ ਜਾਤ-ਪਾਤ ਦੇ ਆਧਾਰ 'ਤੇ ਭੇਦ-ਭਾਵ ਕਰਨ ਦੀ ਮਨਾਹੀ ਕਰਨ ਦੇ ਬਾਵਜੂਦ ਸਥਿਤੀ ਜਿਉਂ ਦੀ ਤਿਉਂ ਬਣੀ ਹੋਈ ਹੈ।

'ਸੰਤ ਦਾ ਕਤਲ' ਕਹਾਣੀ ਵਿਚੋਂ ਇਹ ਵੀ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਅਸਲ ਵਿਚ 'ਸੰਤ' ਪ੍ਰੋ. ਦੇਸ਼ ਬੰਧੂ ਵਰਗਾ ਇਨਸਾਨ ਹੀ ਹੋ ਸਕਦਾ ਹੈ ਜੋ ਅਨੇਕਾਂ ਸੰਕਟ ਸਹਿ ਕੇ ਤੇ ਆਪਣਾ ਸਭ ਕੁਝ ਦਾਅ ਉੱਤੇ ਲਾ ਕੇ ਵੀ ਮਨੁੱਖਤਾ ਲਈ ਪਥਪ੍ਰਦਰਸ਼ਕ ਸਿੱਧ ਹੁੰਦਾ ਹੈ, ਨਾ ਕਿ ਅਜਿਹੇ ਅਖੌਤੀ ਤੇ ਢੌਂਗੀ ਸਾਧ/ਸੰਤ ਜੋ ਲੋਕਾਂ ਦੀ ਮਿਹਨਤ ਨਾਲ ਕੀਤੀ ਕਮਾਈ ਹਥਿਆਉਂਦੇ ਹਨ ਅਤੇ ਔਰਤਾਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਂਦੇ ਹਨ। ਕੈਸੀ ਵਿਡੰਬਨਾ ਹੈ ਕਿ ਅਜਿਹੇ ਅਖੌਤੀ ਸੰਤਾਂ ਨੂੰ ਪੂਜਿਆ ਜਾਂਦਾ ਹੈ ਤੇ ਪ੍ਰੋ. ਬੰਧੂ ਵਰਗੇ ਬੰਦਿਆ ਦੇ ਅੰਦਰਲੇ 'ਸੰਤਾਂ' ਨੂੰ ਸਿਰਫ਼ ਇਸ ਲਈ ਕਤਲ ਕਰ ਦਿੱਤਾ ਜਾਂਦਾ ਹੈ ਕਿਉਂਕਿ ਉਹ ਦਲਿਤ ਪਰਿਵਾਰ ਅੰਦਰ ਪੈਦਾ ਹੋਏ ਹਨ।

ਕਹਾਣੀ ਦੇ ਬਿਰਤਾਂਤਕ ਵੇਰਵਿਆਂ ਨੂੰ ਗਹਿਨ ਅਧਿਐਨ ਵਿਚ ਪਾਇਆਂ ਇਹ ਵੀ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਦਲਿਤ ਭਾਈਚਾਰੇ ਨੂੰ ਕੋਈ ਥਾਂ, ਕੋਈ ਸਥਿਤੀ ਨਜ਼ਰ ਨਹੀਂ ਆਉਂਦੀ, ਜਿੱਥੇ ਉਹ ਜਾਤ-ਪਾਤ ਸ਼ੋਸ਼ਣ ਤੋਂ ਮਹਿਫ਼ੂਜ਼ ਰਹਿ ਸਕਣ। ਕਹਾਣੀ ਵਿਚ ਪ੍ਰੋ. ਬੰਧੂ ਦਾ ਪਰਿਵਾਰ ਪਿੰਡ ਵਿਚ ਹੁੰਦੇ ਜਾਤ-ਪਾਤ ਸ਼ੋਸ਼ਣ ਤੋਂ ਨਿਜ਼ਾਤ ਪਾਉਣ ਲਈ ਪਿੰਡ ਛੱਡਦਾ ਹੈ ਤਾਂ ਅਖੌਤੀ ਸੰਤਾਂ ਦੇ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਬਣ ਜਾਂਦਾ ਹੈ। ਸੱਚ ਸਾਹਮਣੇ ਆਉਣ 'ਤੇ ਪ੍ਰੋ. ਬੰਧੂ ਨੂੰ ਡੇਰਾ ਝੂਠ ਦੀ ਦੁਕਾਨ ਨਜ਼ਰ ਆਉਂਦਾ ਹੈ। ਜਦੋਂ ਉਹ ਕਾਲਜ ਦੇ ਪੜ੍ਹੇ-ਲਿਖੇ ਤੇ ਸਮਝਦਾਰ ਪ੍ਰੋਫੈਸਰਾਂ ਅਤੇ ਦੇਸ਼ ਭਗਤ ਯਾਦਗਾਰ ਹਾਲ ਦੇ ਸੂਝਵਾਨ ਸਾਥੀਆਂ ਵਿਚ ਜਾਂਦਾ ਹੈ ਤਾਂ ਮਹਿਫ਼ੂਜ਼ ਮਹਿਸੂਸ ਕਰਦਾ ਹੈ। ਸਮਾਂ ਪਾ ਕੇ ਕਾਲਜ ਦੇ ਪ੍ਰੋਫੈਸਰ ਤੇ ਹਾਲ ਦੇ ਸਮਾਜਵਾਦੀ ਸਾਥੀ ਵੀ ਜਾਤ-ਪਾਤ ਦੇ ਆਧਾਰ 'ਤੇ ਉਸ ਨਾਲ ਵਿਤਕਰਾ ਤੇ ਸ਼ੋਸ਼ਣ ਕਰਦੇ ਹਨ। ਇਧਰੋਂ ਮੂੰਹ ਮੋੜਦਾ ਹੈ ਤਾਂ ਉਹ ਫਿਰ ਆਪਣੇ ਆਖਰੀ ਸਾਹਾਂ 'ਤੇ ਪਿਆ ਵਿਆਨਾ ਵਿੱਚ ਕਤਲ ਹੋਏ ਸੰਤ ਨੂੰ ਆਪਣਾ ਸੰਤ ਆਖਦਾ ਹੈ। ਦਲਿਤ ਭਾਈਚਾਰੇ ਦੀ ਸਥਿਤੀ "ਮੂਸਾ ਭੱਜਿਆ ਮੌਤ ਤੋਂ ਤੇ ਅੱਗੀ ਮੌਤ ਖੜੀ" ਵਾਲੀ ਹੈ। ਇਹ ਕਹਾਣੀ ਦਲਿਤ ਭਾਈਚਾਰੇ ਨੂੰ ਦਰਪੇਸ਼ ਜਾਤ-ਪਾਤ ਸੰਕਟਾਂ ਨੂੰ ਉਨ੍ਹਾਂ ਦੀ ਨਾ ਟਾਲੀ ਜਾਣ ਵਾਲੀ ਹੋਣੀ ਵਜੋਂ ਦਰਜ ਕਰਦੀ ਨਜ਼ਰ ਆਉਂਦੀ ਹੈ ਤੇ ਇਸ ਹੋਣੀ ਤੋਂ ਛੁਟਕਾਰਾ ਪਾਉਣ ਦਾ ਕੋਈ ਵੀ ਰਾਹ ਦਲਿਤ ਭਾਈਚਾਰੇ ਨੂੰ ਨਜ਼ਰ ਨਹੀਂ ਆ ਰਿਹਾ।

***

'ਸੰਤ ਦਾ ਕਤਲ' ਕਹਾਣੀ ਵਿਚੋਂ ਇਹ ਵੀ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਅਸਲ ਵਿਚ 'ਸੰਤ' ਪ੍ਰੋ. ਦੇਸ਼ ਬੰਧੂ ਵਰਗਾ ਇਨਸਾਨ ਹੀ ਹੋ ਸਕਦਾ ਹੈ ਜੋ ਅਨੇਕਾਂ ਸੰਕਟ ਸਹਿ ਕੇ ਤੇ ਆਪਣਾ ਸਭ ਕੁਝ ਦਾਅ ਉੱਤੇ ਲਾ ਕੇ ਵੀ ਮਨੁੱਖਤਾ ਲਈ ਪਥਪ੍ਰਦਰਸ਼ਕ ਸਿੱਧ ਹੁੰਦਾ ਹੈ, ਨਾ ਕਿ ਅਜਿਹੇ ਅਖੌਤੀ ਤੇ ਢੌਂਗੀ ਸਾਧ/ਸੰਤ ਜੋ ਲੋਕਾਂ ਦੀ ਮਿਹਨਤ ਨਾਲ ਕੀਤੀ ਕਮਾਈ ਹਥਿਆਉਂਦੇ ਹਨ ਅਤੇ ਔਰਤਾਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਂਦੇ ਹਨ। ਕੈਸੀ ਵਿਡੰਬਨਾ ਹੈ ਕਿ ਅਜਿਹੇ ਅਖੌਤੀ ਸੰਤਾਂ ਨੂੰ ਪੂਜਿਆ ਜਾਂਦਾ ਹੈ ਤੇ ਪ੍ਰੋ. ਬੰਧੂ ਵਰਗੇ ਬੰਦਿਆ ਦੇ ਅੰਦਰਲੇ 'ਸੰਤਾਂ' ਨੂੰ ਸਿਰਫ਼ ਇਸ ਲਈ ਕਤਲ ਕਰ ਦਿੱਤਾ ਜਾਂਦਾ ਹੈ ਕਿਉਂਕਿ ਉਹ ਦਲਿਤ ਪਰਿਵਾਰ ਅੰਦਰ ਪੈਦਾ ਹੋਏ ਹਨ।

ਕਹਾਣੀ ਦੇ ਬਿਰਤਾਂਤਕ ਵੇਰਵਿਆਂ ਨੂੰ ਗਹਿਨ ਅਧਿਐਨ ਵਿਚ ਪਾਇਆਂ ਇਹ ਵੀ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਦਲਿਤ ਭਾਈਚਾਰੇ ਨੂੰ ਕੋਈ ਥਾਂ, ਕੋਈ ਸਥਿਤੀ ਨਜ਼ਰ ਨਹੀਂ ਆਉਂਦੀ, ਜਿੱਥੇ ਉਹ ਜਾਤ-ਪਾਤ ਸ਼ੋਸ਼ਣ ਤੋਂ ਮਹਿਫੂਜ਼ ਰਹਿ ਸਕਣ। ਕਹਾਣੀ ਵਿਚ ਪ੍ਰੋ. ਬੰਧੂ ਦਾ ਪਰਿਵਾਰ ਪਿੰਡ ਵਿਚ ਹੁੰਦੇ ਜਾਤ-ਪਾਤ ਸ਼ੋਸ਼ਣ ਤੋਂ ਨਿਜ਼ਾਤ ਪਾਉਣ ਲਈ ਪਿੰਡ ਛੱਡਦਾ ਹੈ ਤਾਂ ਅਖੌਤੀ ਸੰਤਾਂ ਦੇ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਬਣ ਜਾਂਦਾ ਹੈ। ਸੱਚ ਸਾਹਮਣੇ ਆਉਣ 'ਤੇ ਪ੍ਰੋ. ਬੰਧੂ ਨੂੰ ਡੇਰਾ ਝੂਠ ਦੀ ਦੁਕਾਨ ਨਜ਼ਰ ਆਉਂਦਾ ਹੈ। ਜਦੋਂ ਉਹ ਕਾਲਜ ਦੇ ਪੜ੍ਹੇ-ਲਿਖੇ ਤੇ ਸਮਝਦਾਰ ਪ੍ਰੋਫੈਸਰਾਂ ਅਤੇ ਦੇਸ਼ ਭਗੋਤ ਯਾਦਗਾਰ ਹਾਲ ਦੇ ਸੂਝਵਾਨ ਸਾਥੀਆਂ ਵਿਚ ਜਾਂਦਾ ਹੈ ਤਾਂ ਮਹਿਫੂਜ਼ ਮਹਿਸੂਸ ਕਰਦਾ ਹੈ। ਸਮਾਂ ਪਾ ਕੇ ਕਾਲਜ ਦੇ ਪ੍ਰੋਫੈਸਰ ਤੇ ਹਾਲ ਦੇ ਸਮਾਜਵਾਦੀ ਸਾਥੀ ਵੀ ਜਾਤ-ਪਾਤ ਦੇ ਆਧਾਰ 'ਤੇ ਉਸ ਨਾਲ ਵਿਤਕਰਾ ਤੇ ਸ਼ੋਸ਼ਣ ਕਰਦੇ ਹਨ। ਇਧਰੋਂ ਮੂੰਹ ਮੋੜਦਾ ਹੈ ਤਾਂ ਉਹ ਫਿਰ ਆਪਣੇ ਆਖਰੀ ਸਾਹਾਂ 'ਤੇ ਪਿਆ ਵਿਆਨਾ ਵਿੱਚ ਕਤਲ ਹੋਏ ਸੰਤ ਨੂੰ ਆਪਣਾ ਸੰਤ ਆਖਦਾ ਹੈ। ਦਲਿਤ ਭਾਈਚਾਰੇ ਦੀ ਸਥਿਤੀ "ਮੂਸਾ ਭੱਜਿਆ ਮੌਤ ਤੋਂ ਤੇ ਅੱਗੀ ਮੌਤ ਖੜੀ" ਵਾਲੀ ਹੈ। ਇਹ ਕਹਾਣੀ ਦਲਿਤ ਭਾਈਚਾਰੇ ਨੂੰ ਦਰਪੇਸ਼ ਜਾਤ-ਪਾਤ ਸੰਕਟਾਂ ਨੂੰ ਉਨ੍ਹਾਂ ਦੀ ਨਾ ਟਾਲੀ ਜਾਣ ਵਾਲੀ ਹੋਣੀ ਵਜੋਂ ਦਰਜ ਕਰਦੀ ਨਜ਼ਰ ਆਉਂਦੀ ਹੈ ਤੇ ਇਸ ਹੋਣੀ ਤੋਂ ਛੁਟਕਾਰਾ ਪਾਉਣ ਦਾ ਕੋਈ ਵੀ ਰਾਹ ਦਲਿਤ ਭਾਈਚਾਰੇ ਨੂੰ ਨਜ਼ਰ ਨਹੀਂ ਆ ਰਿਹਾ।

***